# ਦਫ਼ਤਰ ਉਪ ਮੰਡਲ ਇੰਜੀਨੀਅਰ,
# ਉਸਾਰੀ ਉਪ ਮੰਡਲ ਨੰ.2 ਲੋਕ ਨਿਰਮਾਣ ਵਿਭਾਗ, ਭ ਤੇ ਮ ਸ਼ਾਖਾ, ਸਰਹਿੰਦ

ਵੱਲ,

ਪ੍ਰਿੰਸੀਪਲ,
ਦੀਆ ਇੰਟਰਨੈਸ਼ਨਲ ਸਕੂਲ,
ਮੰਡੀ ਗੋਬਿੰਦਗੜ੍ਹ, ਜਿਲ੍ਹਾ ਫਤਹਿਗੜ੍ਹ ਸਾਹਿਬ।

ਮੀਮੋ ਨੰ. 116 ਮਿਤੀ :- 30/6/2022

ਵਿਸ਼ਾ:- ਸਾਲ 2022-23 ਲਈ ਬਿਲਡਿੰਗ ਦਾ ਸੁਰਖਿੱਅਤ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਹਵਾਲਾ:- ਆਪ ਦਾ ਪੱਤਰ ਨੰ. DIS/CBSE/22-23/121 ਮਿਤੀ 5-4-2022

ਉਪਰੋਕਤ ਵਿਸ਼ੇ ਅਧੀਨ ਦਰਸਾਈ ਗਈ ਬਿਲਡਿੰਗ ਦਾ ਮੁਆਇਨਾ ਕਰਨ ਉਪਰੰਤ ਪਾਇਆ ਗਿਆ ਕਿ ਸਕੂਲ ਦੀ ਬਿਲਡਿੰਗ ਦੇਖਣ ਨੂੰ ਠੀਕ ਜਾਪਦੀ ਹੈ। ਇਸ ਲਈ ਇਸ ਸਾਲ 2022-23 ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ। ਜੇਕਰ ਬਿਲਡਿੰਗ ਵਿੱਚ ਵਾਧਾ/ ਤਬਦੀਲੀ ਕੀਤੀ ਜਾਂਦੀ ਹੈ ਤਾਂ ਇਸ ਵਿਭਾਗ ਤੋਂ ਇਸ ਦੀ ਮਨਜੂਰੀ ਲਈ ਜਾਵੇ ਅਤੇ ਇਹ ਕੰਮ ਕਿਸੇ ਯੋਗ ਇੰਜੀਨੀਅਰ ਦੀ ਦੇਖ-ਰੇਖ ਹੇਠ ਕਰਵਾਇਆ ਜਾਵੇ ਅਤੇ ਬਿਲਡਿੰਗ ਦਾ ਸੁਰਖਿੱਅਤ ਸਰਟੀਫਿਕੇਟ ਇਸ ਵਿਭਾਗ ਤੋਂ ਦੁਬਾਰਾ ਲਿਆ ਜਾਵੇ।

1) ਜੇ ਬਿਲਡਿੰਗ ਹੜ੍ਹ ਤੋਂ ਪ੍ਰਭਾਵਿਤ ਹੁੰਦੀ ਹੈ ਜਾਂ ਛੱਤਾਂ ਡਿੱਗਦੀਆਂ ਹਨ, ਉਹ ਦੁਬਾਰਾ ਮਹਿਕਮੇ ਤੋਂ ਚੈਕ ਕਰਵਾਈਆ ਜਾਣ।

2) ਇਸ ਬਿਲਡਿੰਗ ਨੂੰ ਸੁਰੱਖਿਅਤ ਰੂਪ ਵਿੱਚ ਵਰਤਨ ਦਾ ਸਮਾਂ ਸਰਟੀਫਿਕੇਟ ਜਾਰੀ ਹੋਣ ਦੀ ਮਿਤੀ ਤੋਂ 31.03.2023 ਤੱਕ ਹੈ।

3) ਇਸ ਬਿਲਡਿੰਗ ਦਾ ਫਾਇਰ ਸੁਰੱਖਿਅਤ ਸਰਟੀਫਿਕੇਟ ਪੰਜਾਬ ਫਾਇਰ ਸਰਵਿਸਜ, ਗੋਬਿੰਦਗੜ੍ਹ ਦੇ ਐਨ.ਓ.ਸੀ. ਨੰ. 501- 44654-Fire/31408 ਮਿਤੀ 08.11.2021 ਰਾਹੀਂ ਇੱਕ ਸਾਲ ਲਈ ਦਿੱਤਾ ਗਿਆ ਹੈ।

4) ਇਸ ਦੀ ਇੰਸਪੈਕਸ਼ਨ ਫੀਸ ਜੀ.ਆਰ. ਨੰ. 158045 ਮਿਤੀ 6-4-2022 ਰਾਂਹੀ ਬਾਬਤ ਰਕਮ 10,000/- ਰੁਪਏ ਪ੍ਰਾਪਤ ਕਰ ਲਈ ਗਈ ਹੈ।

5) ਇਸ ਦਫ਼ਤਰ ਵਲੋਂ ਸਕੂਲ ਬਿਲਡਿੰਗ ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਇਸ ਸ਼ਰਤ ਅਧੀਨ ਜਾਰੀ ਕੀਤਾ ਜਾਂਦਾ ਹੈ ਕਿ ਸਕੂਲ ਅਥਾਰਟੀ ਵੱਲੋਂ ਫਾਇਰ ਸੇਫਟੀ ਸਰਟੀਫਿਕੇਟ ਸਬੰਧਤ ਦਫ਼ਤਰ ਤੋਂ 8-11-2022 ਤੋਂ 31-03-2023 ਤੱਕ ਦੇ ਸਮੇਂ ਦਾ ਨਵੀਨੀਕਰਨ ਕਰਵਾਉਣ ਉਪਰੰਤ ਪ੍ਰਾਪਤ ਕਰ ਲਿਆ ਗਿਆ ਹੋਵੇ।

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਨੰ.2, ਲੋਕ ਨਿਰਮਾਣ ਵਿਭਾਗ,
ਭ ਤੇ ਮ ਸ਼ਾਖਾ, ਸਰਹਿੰਦ।

ਪਿੱਠ ਅੰਕਣ ਨੰ. ਮਿਤੀ:

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ, ਸਰਹਿੰਦ ਨੂੰ ਉਨ੍ਹਾਂ ਦਾ ਪੱਤਰ ਨੰ. 3939-41 ਮਿਤੀ 07.08.2014 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਨੰ.2, ਲੋਕ ਨਿਰਮਾਣ ਵਿਭਾਗ,
ਭ ਤੇ ਮ ਸ਼ਾਖਾ, ਸਰਹਿੰਦ।

Scanned by CamScanner